ਮਨਿਸਟਰੀ ਆਫ ਐਜੂਕੇਸ਼ਨ ਨੇ ਖੇਡ ਅਤੇ ਖੋਜ ਵਿਕਸਿਤ ਕੀਤਾ ਹੈ:- ਸ਼ੁਰੂਆਤੀ ਸਿੱਖਿਆ ਪ੍ਰੋਗਰਾਮ ਗਾਈਡ ਤੁਹਾਡੇ ਬੱਚੇ ਨੂੰ ਬਾਲਵਾੜੀ ਵਿੱਚ ਸਿੱਖਣ ਲਈ ਸਹਾਇਤਾ ਕਰਦਾ ਹੈ। ਬੱਚਿਆਂ ਦੀ ਸਹਾਇਤਾ ਕਰਨ ਵਾਲੇ ਸੈਂਟਰ ਅਤੇ ਘਰ, ਬਾਲਵਾੜੀ ਤੋਂ ਪਹਿਲਾਂ ਵਾਲੇ ਪ੍ਰੋਗਰਾਮ ਅਤੇ ਬਾਲਵਾੜੀਆਂ ਨੂੰ ਬੱਚਿਆਂ ਦੀ ਸਿੱਖਿਆ ਲਈ ਇਹ ਗਾਈਡ ਵਰਤਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

## ਖੇਡ ਦੁਆਰਾ ਸਿੱਖਣਾ

- ਮਨਿਸਟਰੀ ਆਫ ਐਜੂਕੇਸ਼ਨਸ ਸ਼ੁਰੂਆਤੀ ਸਿੱਖਿਆ ਪ੍ਰੋਗਰਾਮ ਗਾਈਡ ਖੇਡ ਦੁਆਰਾ ਸਿੱਖਣ ਤੇ ਕੇਂਦਰਿਤ ਹੈ। ਖੋਜ ਦਰਸਾਉਂਦਾ ਹੈ ਕਿ ਬੱਚੇ ਖੇਡਣ ਦੁਆਰਾ ਸਭ ਤੋਂ ਵਧੀਆ ਸਿੱਖਦੇ ਹਨ ਅਤੇ ਇਹ ਖੇਡ ਬੱਚਿਆਂ ਨੂੰ ਉਹ ਹੁਨਰ ਸਿੱਖਣ ਵਿਚ ਮਦਦ ਕਰਦਾ ਹੈ ਜੋ ਉਹਨਾਂ ਨੂੰ ਸਕੂਲ ਵਿਚ ਚੰਗਾ ਕਰਨ ਵਿੱਚ ਲੋੜੀਂਦੇ ਹਨ। ਰਿਸ਼ਤੇ ਬਣਾਉਣੇ ਅਤੇ ਦੂਜਿਆਂ ਨੂੰ ਸਮਝਣਾ ਖੇਡਣ ਦੁਆਰਾ ਤੁਹਾਡਾ ਬੱਚਾ ਸਿੱਖਦਾ ਹੈ।
- ਦੋਸਤੀ ਵਧਾਉਣਾ
- ਕਿਸੇ ਸੰਦੇਸ਼ ਜਾਂ ਵਿਚਾਰ ਨੂੰ ਸੁਣਨਾ ਅਤੇ ਸਮਝਣਾ
- ਵਿਚਾਰਾਂ ਅਤੇ ਭਾਵਨਾਵਾਂ ਦਾ ਸੰਚਾਰ ਕਰਨਾ
- ਵੱਖ-ਵੱਖ ਸਥਿਤੀਆਂ ਵਿੱਚ ਢੁਕਵੇਂ ਢੰਗ ਨਾਲ ਵਿਵਹਾਰ ਕਰਨਾ।
- ਕਿਸੇ ਗਤੀਵਿਧੀ ਤੇ ਧਿਆਨ ਕੇਂਦਰਿਤ ਕਰਨਾ ਅਤੇ ਬਣਾਈ ਰੱਖਣਾ।
- ਸਮੱਸਿਆਵਾਂ ਹੱਲ ਕਰਨੀਆਂ।
- ਸਾਖਰਤਾ, ਵਿਗਿਆਨ ਅਤੇ ਗਣਿਤ ਦਾ ਆਨੰਦ ਮਾਨਣਾ।
- ਇਕੱਠੇ ਅਤੇ ਇਕੱਲੇ ਖੇਡਣ ਨਾਲ ਬੱਚੇ ਕਈ ਸਮਾਜਿਕ, ਜਜ਼ਬਾਤੀ ਸਰੀਰਕ ਅਤੇ ਬੌਧਿਤ ਹੁਨਰ ਸਿੱਖਦੇ ਹਨ। ਖੇਡ ਬੱਚਿਆਂ ਨੂੰ ਸਮੂਹ ਵਿੱਚ ਸਹੀ ਅਭਿਆਸ ਸਿੱਖਣ ਅਤੇ ਅਭਿਆਸ ਕਰਨ ਦੀ ਆਗਿਆ ਦਿੰਦਾ ਹੈ ਅਤੇ ਇਹ ਬੱਚਿਆਂ ਨੂੰ ਦਿਖਾਵਾ ਕਰਨ, ਤਰਕ ਕਰਨ ਅਤੇ ਸਮੱਸਿਆ ਦਾ ਹੱਲ ਕਰਨ ਵਿੱਚ ਸ਼ਾਮਿਲ ਕਰਦਾ ਹੈ।

## ਤੁਸੀਂ ਆਪਣੇ ਬੱਚੇ ਦੇ ਸਿਖਲਾਈ ਪ੍ਰੋਗਰਾਮ ਵਿੱਚ ਕੀ ਦੇਖੋਗੇ?

- ਦਿਲਚਸਪ ਖੇਡ ਸਮੱਗਰੀ ਜਿਵੇਂ ਕਿ ਰੇਤ, ਪਾਣੀ, ਡੱਬੇ, ਸ਼ੰਕੂ ਅਤੇ ਪੱਤੇ, ਜਿਸ ਵਿਚ ਤੁਹਾਡੇ ਬੱਚੇ ਦੀਆਂ ਸਾਰੀਆਂ ਸੰਵੇਦਨਾਵਾਂ ਸ਼ਾਮਿਲ ਹਨ - ਦੇਖਣਾ, ਛੂਹਣਾ, ਚਖਣਾ, ਸੁੰਘਣਾ, ਸੁਣਨਾ ਆਦਿ।
- ਤੁਹਾਡਾ ਬੱਚਾ ਖੁਸ਼ੀ ਅਤੇ ਸੁਰੱਖਿਆ ਨਾਲ ਖੇਡਣਾ, ਦਿਖਾਵਾ ਕਰਨਾ ਅਤੇ ਪੜਚੋਲ ਕਰਨਾ ਇਹਨਾਂ ਕਿਰਿਆਵਾਂ ਦੁਆਰਾ ਕਰੇਗਾ।
- ਕੱਪੜੇ ਪਾਉਣਾ
- ਕਿਤਾਬਾਂ ਪੜਨਾ
- ਕੁਦਰਤ ਨਾਲ ਸਮਾਂ ਬਿਤਾਉਣਾ
- ਕਿੱਲਾ ਗੱਡਣਾ
- ਕਲਾਕਾਰੀ ਕਰਨਾ
- ਬੋਲਣਾ
- ਤੁਹਾਡਾ ਬੱਚਾ ਰਚਨਾਤਮਕ ਅਤੇ ਕਈ ਵਾਰ ਤਸਵੀਰ ਬਣਾਉਂਦੇ ਹੋਏ, ਖੋਦਦੇ ਹੋਏ, ਚੜ੍ਹਦੇ ਸਮੇਂ ਅਤੇ ਇਮਾਰਤ ਬਣਾਉਂਦੇ ਹੋਏ ਗੰਦਾ ਵੀ ਹੋਵੇਗਾ।
- ਤੁਹਾਡੇ ਬੱਚੇ ਨੂੰ ਇਕੱਲੇ ਖੇਡਣ ਅਤੇ ਵਿਚਾਰਾਂ ਦੀ ਪੜਚੋਲ ਕਰਨ ਦਾ ਮੌਕਾ ਮਿਲੇਗਾ। ਜੋ ਕਿ ਉਹ ਕੁਝ ਹੋਰ ਬੱਚਿਆਂ ਨਾਲ ਜਾਂ ਕਿਸੇ ਗਰੁੱਪ ਨਾਲ ਰਲ ਕੇ ਵੀ ਸਿੱਖ ਸਕਦਾ ਹੈ।

## ਬੱਚਿਆਂ ਦੀਆਂ ਦਿਲਚਸਪੀਆਂ ਵਧਾਉਣਾ:

- ਜਦੋਂ ਬੱਚੇ ਕੁੱਝ ਇਹੋ ਜਿਹਾ ਲੱਭਦੇ ਹਨ ਜਿਸ ਵਿੱਚ ਉਹਨਾਂ ਨੂੰ ਦਿਲਚਸਪੀ ਹੁੰਦੀ ਹੈ ਤਾਂ ਉਹ ਜਲਦੀ ਸਿੱਖਦੇ ਹਨ ਅਤੇ ਸਿੱਖੀ ਹੋਈ ਚੀਜ਼ ਨੂੰ ਅਸਾਨੀ ਨਾਲ ਯਾਦ ਰੱਖਦੇ ਹਨ।
- ਆਪਣੀ ਖੁਦ ਦੀ ਖੇਡ ਦੀ ਚੋਣ ਕਰਕੇ ਬੱਚਿਆਂ ਨੂੰ ਸਿਖਲਾਈ ਦੇ ਹੁਨਰ ਵੀ ਵਿਕਸਿਤ ਕਰਨ ਵਿੱਚ ਮਦਦ ਮਿਲਦੀ ਹੈ ਜਿਵੇਂ ਕਿ ਫੈਸਲੇ ਕਰਨਾ, ਸਮੱਸਿਆਵਾਂ ਹੱਲ ਕਰਨ ਅਤੇ ਦੂਜਿਆਂ ਨਾਲ ਸੰਚਾਰ ਕਰਨਾ।
- ਬੱਚਿਆਂ ਦੇ ਸਵਾਲ ਅਤੇ ਉਤਸੁਕਤਾ ਦਾ ਨਿਰਮਾਣ ਕਰਕੇ ਅਧਿਆਪਕ ਭਾਸ਼ਾ ਵਿਕਾਸ ਅਤੇ ਹੋਰ ਗੁੰਝਲਦਾਰ ਸੋਚ ਨੂੰ ਹੱਲਾਸ਼ੇਰੀ ਦਿੰਦੇ ਹਨ।

- ਜਦੋਂ ਬੱਚੇ ਕਿਸੇ ਵਿਸ਼ੇ ਬਾਰੇ ਉਤਸ਼ਾਹਿਤ ਹੁੰਦੇ ਹਨ, ਉਹ ਕੇਂਦਰਿਤ ਹੋ ਸਕਦੇ ਹਨ ਅਤੇ ਸਾਖਰਤਾ ਵਿਗਿਆਨ ਅਤੇ ਗਣਿਤ ਦੇ ਮੁੱਖ ਵਿਚਾਰਾਂ ਨੂੰ ਸਿੱਖਣ ਲਈ ਤਿਆਰ ਹੋ ਜਾਂਦੇ ਹਨ।

## ਤੁਸੀਂ ਆਪਣੇ ਬੱਚੇ ਦੇ ਸਿਖਲਾਈ ਪ੍ਰੋਗਰਾਮ ਵਿੱਚ ਕੀ ਦੇਖੋਗੇ?

- ਬੱਚੇ ਆਪਣੀ ਖੇਡ ਸਮੱਗਰੀ ਅਤੇ ਖੇਡ ਸਾਥੀਆਂ ਦੀ ਚੋਣ ਕਰਦੇ ਹੋਏ।
- ਬੱਚਿਆਂ ਦੇ ਹਿੱਤਾਂ ਦੁਆਲੇ ਸਿੱਖਣ ਦੀਆਂ ਯੋਜਨਾਵਾਂ ਬਣਾਉਣ ਵਾਲੇ ਅਧਿਆਪਕ
- ਉਦਾਹਰਣ ਲਈ - ਆਪਣੇ ਦੋਸਤਾਂ ਦੇ ਘਰ ਬਾਰੇ ਬੱਚਿਆਂ ਦੀ ਉਤਸੁਕਤਾ ਕਾਰਨ ਫੋਟੋਗਰਾਫੀ ਅਤੇ ਡਰਾਇੰਗ ਪ੍ਰੋਜੈਕਟ ਹੋ ਸਕਦਾ ਹੈ।
- ਆਪਣੇ ਖੇਡ ਨੂੰ ਵਧਾਵਾ ਦੇਣ ਲਈ ਅਧਿਆਪਕ ਬੱਚਿਆਂ ਦੇ ਛੋਟੇ ਸਮੂਹ ਨਾਲ ਗੱਲਬਾਤ ਕਰਦੇ ਹੋਏ।
- ਉਦਾਹਰਣ ਲਈ - ਅਧਿਆਪਕ ਖੇਤਰ ਦੇ ਘਰ ਦੇ ਦਰਵਾਜ਼ੇ 'ਤੇ ਦਸਤਕ ਦਿੰਦਾ ਹੈ ਅਤੇ ਪੁੱਛਦਾ ਹੈ, ਜੇ ਉਹ ਰਾਤ ਦਾ ਖਾਣਾ ਖਾਣ ਲਈ ਆ ਸਕਦੀ ਹੈ?
- ਅਧਿਆਪਕ ਬੱਚਿਆਂ ਦੇ ਸਵਾਲਾਂ ਦੇ ਉੱਤਰ ਦਿੰਦੇ ਹਨ ਅਤੇ ਉਹਨਾਂ ਨੂੰ ਨਵੇਂ ਵਿਚਾਰ ਸਮਝਣ ਵਿੱਚ ਮਦਦ ਕਰਦੇ ਹਨ।
- ਉਦਾਹਰਣ ਲਈ - ਖੋਜ ਕਰਨਾਂ ਕਿ ਕਾਰਾਂ ਸਿੱਧੇ ਰਸਤੇ 'ਤੇ ਤੇਜ਼ੀ ਨਾਲ ਕਿਉਂ ਚਲਦੀਆਂ ਹਨ।
- ਅਧਿਆਪਕ ਬੱਚਿਆਂ ਨੂੰ ਸਿਖਾਉਂਦੇ ਹੋਏ ਕਿ ਕਿਵੇਂ ਸਮੱਗਰੀ ਅਤੇ ਸੰਦਾਂ ਨੂੰ ਸੁਰੱਖਿਅਤ ਤਰੀਕੇ ਨਾਲ ਵਰਤਣਾ।

## ਬੱਚਿਆਂ ਦੀ ਸਿਖਲਾਈ ਦਿਖਾਉਣਾ:-

- ਪਰਿਵਾਰ ਅਤੇ ਅਧਿਆਪਕ ਨਵੀਂ ਸਿੱਖਿਆ ਲਈ ਵਧੇਰੇ ਪ੍ਰਭਾਵਿਤ ਢੰਗ ਨਾਲ ਯੋਜਨਾ ਬਣਾ ਸਕਦੇ ਹਨ ਜੇਕਰ ਉਹ ਦੇਖ ਅਤੇ ਸਮਝ ਸਕਣ ਕਿ ਬੱਚਾ ਪਹਿਲਾਂ ਤੋਂ ਕੀ ਜਾਣਦਾ ਹੈ। ਕੁਝ ਰਸਤੇ ਜਿਸ ਨਾਲ ਕਿ ਪਰਿਵਾਰ ਅਤੇ ਅਧਿਆਪਕ ਜਾਣ ਸਕਦੇ ਹਨ ਕਿ ਬੱਚਾ ਪਹਿਲਾਂ ਤੋਂ ਕੀ ਜਾਣਦਾ ਹੈ, ਇੰਝ ਹਨ:-
- ਧਿਆਨ ਨਾਲ ਬੱਚਿਆਂ ਦੀਆਂ ਚਿੱਤਰਕਾਰੀਆਂ, ਪੇਂਟਿੰਗ ਅਤੇ ਉਸਾਰੀਆਂ ਦੇਖਣਾ।
- ਬੱਚਿਆਂ ਨੂੰ ਸੁਣਨਾ ਕਿ ਉਹ ਆਪਣੇ ਵਿਚਾਰ ਪ੍ਰਗਟ ਕਰਨ ਲਈ ਕੀ ਕਹਿੰਦੇ ਹਨ, ਦੇਖਣਾ ਕਿ ਬੱਚੇ ਕਿਵੇਂ ਖੇਡਦੇ ਹਨ ਅਤੇ ਕਿਸ ਚੀਜ਼ ਨਾਲ ਖੇਡਦੇ ਹਨ।
- ਦੇਖਣਾ ਕਿ ਬੱਚੇ ਦੂਜਿਆਂ ਨਾਲ ਕਿਵੇਂ ਖੇਡਦੇ ਹਨ।

## ਤੁਸੀਂ ਆਪਣੇ ਬੱਚੇ ਦੇ ਸਿਖਲਾਈ ਪ੍ਰੋਗਰਾਮ ਵਿੱਚ ਕੀ ਦੇਖੋਗੇ?

- ਫੋਟੋਆਂ ਦਾ ਪ੍ਰਦਰਸ਼ਨ ਅਤੇ ਬੱਚਿਆਂ ਦੇ ਸਿੱਖਣ ਦੇ ਤਜ਼ਰਬੇ ਦਾ ਲਿਖਤੀ ਵੇਰਵਾ।
- ਬੱਚਿਆਂ ਦੇ ਰਚਨਾਤਮਕ ਕੰਮ ਜਿਵੇਂ ਕਿ ਕਲਾਕਾਰੀ, ਚਿੱਤਰਕਾਰੀ ਮਿੱਟੀ ਦੀਆਂ ਰਚਨਾਵਾਂ ਜਾਂ ਇਹੋ ਜਿਹੀਆਂ ਕਲਾਕਾਰੀਆਂ ਦੀ ਜਗ੍ਹਾ ਢਾਂਚਿਆਂ ਦਾ ਪ੍ਰਦਰਸ਼ਨ।
- ਬੱਚੇ ਅਤੇ ਬਾਲਗ ਇੱਕ ਦੂਜੇ ਤੋਂ ਸਿੱਖਣ ਬਾਰੇ ਗੱਲ੍ਹਾਂ ਕਰਦੇ ਹੋਏ।
- ਧਿਆਨ ਨਾਲ ਬੱਚਿਆਂ ਦਾ ਕੰਮ ਦਿਖਾਉਣਾ ਬੱਚਿਆਂ ਨੂੰ ਸੋਚਣ ਵਿੱਚ ਮਦਦ ਕਰਦਾ ਹੈ ਕਿ ਉਹਨਾਂ ਨੇ ਕੀ ਸਿੱਖਿਆ ਅਤੇ ਉਹ ਸਮਝਦੇ ਹਨ ਕਿ ਉਹਨਾਂ ਦੇ ਵਿਚਾਰ ਅਤੇ ਕੰਮ ਦੀ ਕਦਰ ਹੋ ਰਹੀ ਹੈ।

## ਤੁਸੀਂ ਘਰ ਵਿੱਚ ਕੀ ਕਰ ਸਕਦੇ ਹੋ?

- ਤੁਸੀਂ ਆਪਣੇ ਬੱਚੇ ਦੇ ਪਸੰਦੀਦਾ ਖੇਡ ਸਾਥੀ ਬਣ ਸਕਦੇ ਹੋ। ਬੱਚੇ ਦੇ ਨਾਲ ਖੇਡ ਕੇ ਕਲਪਨਾਸ਼ੀਲ ਅਤੇ ਦਿਖਾਵਾ ਕਰਨ ਵਾਲਾ ਖੇਡ ਨੂੰ ਉਤਸ਼ਾਹਿਤ ਕਰੋ:
- ਤੁਸੀਂ ਕਚਰੇ ਵਾਲੇ ਟਰੱਕ ਦੇ ਡਰਾਈਵਰ ਬਣ ਸਕਦੇ ਹੋ, ਜਾਂ ਬਿਮਾਰ ਕੁੱਤੇ ਦੇ ਡਾਕਟਰ ਬਣ ਸਕਦੇ ਹੋ, ਬਿਮਾਰ ਬੱਚੇ ਦਾ ਡਾਕਟਰ ਜਾਂ ਬਿਮਾਰ ਬੱਚੇ ਦੇ ਮਾਤਾ-ਪਿਤਾ ਬਣ ਸਕਦੇ ਹੋ।
- ਆਪਣੇ ਬੱਚੇ ਨੂੰ ਖੇਡ ਦਾ ਨਿਰਦੇਸ਼ਨ ਕਰਨ ਦਿਓ। ਤੁਸੀਂ ਉਸਦੇ ਵਿਚਾਰ ਸੁਣੋ ਅਤੇ ਪਾਲਣਾ ਕਰੋ।
- ਭਾਸ਼ਾ ਵਿਕਾਸ ਨੂੰ ਹੱਲਾਸ਼ੇਰੀ ਦੇਣ ਲਈ ਜੋ ਤੁਹਾਡਾ ਬੱਚਾ ਕਹਿੰਦਾ ਹੈ, ਉਸਨੂੰ ਦੋਹਰਾਓ ਅਤੇ ਸਿੱਖਿਆ ਨੂੰ ਵਧਾਉਣ ਲਈ ਨਵੇਂ ਵਿਚਾਰ ਅਤੇ ਨਵੇਂ ਸ਼ਬਦ ਜੋੜੋ ਅਜਿਹੇ ਸਵਾਲ ਪੁੱਛੋ ਜਿਸ ਵਿੱਚ ਤੁਹਾਡੇ ਬੱਚੇ ਨੂੰ ਦੱਸਣਾ ਪਵੇ "ਕਿਉਂ" ਅਤੇ "ਕਿਵੇਂ"।
- ਇੱਕ ਕਰੈਕਰ ਬਾਕਸ ਵਿੱਚ ਦਰਵਾਜ਼ੇ ਕੱਟੋ ਅਤੇ ਇਹ ਛੋਟੇ ਪਲਾਸਟਿਕ ਦੇ ਜਾਨਵਰਾਂ ਲਈ ਕੋਠਾ ਬਣ ਸਕਦੇ ਹਨ ਜਿਸ ਨਾਲ ਤੁਹਾਡਾ ਬੱਚਾ ਖੇਡਦਾ ਹੈ। ਇਹੀ ਡੱਬਾ ਬੱਚੇ ਦੀਆਂ ਛੋਟੀਆਂ ਕਾਰਾਂ ਲਈ ਗੈਰਾਜ ਵੀ ਬਣ ਸਕਦਾ ਹੈ। ਤੁਹਾਡੇ ਬੱਚੇ ਨੂੰ ਹੋਰ ਵਿਚਾਰ ਵੀ ਆ ਸਕਦੇ ਹਨ।
- ਇਸ ਤਰ੍ਹਾਂ ਖੇਡੋ ਜਿਵੇਂ ਬੱਚੇ ਨੂੰ ਗਿਣਤੀ ਦੇ ਅਭਿਆਸ ਦੇ ਮੌਕੇ ਪ੍ਰਦਾਨ ਹੋਣ, (ਗਾਵਾਂ ਦੀ ਗਿਣਤੀ, ਕਾਰਾਂ ਦੀ ਗਿਣਤੀ, ਜੋ ਡੱਬੇ ਵਿੱਚ ਆ ਸਕਣ) ਜਾਂ ਰੰਗਾਂ ਦੇ ਨਾਮ ਦੱਸਣਾ (ਭੂਰਾ ਘਰ ਪਹਿਲਾਂ ਆਵੇਗਾ ਸਿਰਫ ਲਾਲ ਟਰੱਕ ਗੈਰਾਜ ਵਿੱਚ ਖੜ ਸਕਦਾ ਹੈ)।

## ਆਪਣੇ ਬੱਚੇ ਨੂੰ ਦਿਖਾਓ ਕਿ ਉਸਦਾ ਕੰਮ ਜ਼ਰੂਰੀ ਹੈ।

- ਦੀਵਾਰ 'ਤੇ ਖਾਸ ਜਗ੍ਹਾ ਬਣਾਓ ਜਾਂ ਫਿਰ ਫਰਿੱਜ਼ ਦੇ ਦਰਵਾਜ਼ੇ 'ਤੇ ਜਿਥੇ ਤੁਸੀਂ ਆਪਣੇ ਬੱਚੇ ਦੀਆਂ ਅਸਲੀ ਚਿੱਤਰਕਾਰੀਆਂ, ਕਲਾਕਾਰੀਆਂ ਅਤੇ ਹੋਰ ਕੰਮ ਲਗਾ ਸਕੋ।
- ਆਪਣੇ ਬੱਚੇ ਨਾਲ ਉਸਦੇ ਕੰਮ ਬਾਰੇ ਗੱਲ ਕਰੋ। ਉਸ ਨਾਲ ਗੱਲ ਕਰੋ ਕਿ ਉਸਦੀਆਂ ਚਿੱਤਰਕਾਰੀਆਂ ਕੀ ਦਰਸਾਉਂਦੀਆਂ ਹਨ ਅਤੇ ਇਹ ਕਿਵੇਂ ਬਣਾਈਆਂ ਗਈਆਂ ਹਨ। ਤੁਸੀਂ ਇਸ ਤਰ੍ਹਾਂ ਨਾਲ ਗੱਲ ਸ਼ੁਰੂ ਕਰ ਸਕਦੇ ਹੋ ਜਿਵੇਂ "ਮੈਂ ਦੇਖਿਆ ਤੁਸੀਂ ਬਹੁਤ ਸਾਰੀਆਂ ਨੀਲੀਆਂ ਧਾਰੀਆਂ ਬਣਾਈਆਂ ਹਨ, ਮੈਨੂੰ ਇਨ੍ਹਾਂ ਬਾਰੇ ਦੱਸੋ"।